ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।

ਸ੍ਰੀ ਗੁਰੂ ਨਾਨਕ ਸੰਮਤ ੪੯੭ ॥ ਬਿਕ੍ਰਮੀ ੨੦੨੨

# ਸ੍ਰੀ ਗੁਰਿਫ਼ ਨਾਮਾ

## ਅਰਥਾਤ ਜਨਮ ਨਾਮ ਕੁੰਡਲੀ

ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਰਘੁਬੰਸ ਸਿੰਘ ਇੰਜਨੀਅਰ

ਸਪੁਤ੍ਰ ਪੂਜਯ ਹਰਦਿਤ ਸਿੰਘ ਜੀ ਹਾਲ ਵਾਸੀ ਸੁਕੇਤ

ਨੇ ਆਪਣੀ ਉਨਾਹਠਵੀਂ ਸਾਲ ਗਿਰਾਹ ਤੇ

ਸੰਗਤ ਦੀ ਭੇਟ ਲਈ ਛਪਵਾਏ ॥

Sri Satguru Jagjit Singh Ji Elibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦਿ ॥

—o—

ਅਬ ਭੋਗਲ ਪੁਰਾਣੇ ਦੁਆਦਸ ਸਕੰਧੇ
ਗੁਰਬੰਸਾਵਲੀ ਲਿਖਯਤੇ । ਚਤਰ ਦਸ ਅਵਤਾਰੇ ।
ਸ੍ਰੀ ਗੁਰਿੰਡ ਨਾਮੇ ਬਰਨਨੰ । ਸ੍ਰੀ ਸੁਕ ਰਾਜਾ ਪ੍ਰੀਛਤ ਸੰਬਾਦੇ ।
ਸ੍ਰੀ ਗੁਰਿੰਡ ਨਾਮੇ ਕਲਯੁਗੇ ।
ਭਾਖਾ ਕਰਕੇ ਸੁਨਾਵਨ ਬਿਧ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥

॥ ਦੋਹਿਰਾ ॥ ਆਦ ਜੁਗ ਮੈ ਸੁਕ ਕਹਿਓ ਸੋ ਅਬ ਕਹੋ ਸੁਨਾਇ । ਭੋਗਲ ਧਿਆਯ ਮੈ ਕਹਿ ਗਇਓ ਸੁਕ ਪ੍ਰੀਛਤ ਪ੍ਰਤ ਗਾਇ ॥੨॥ ਸੋਈ ਕਥਾ ਅਬ ਕਹਿਤ ਹੌ ਪ੍ਰਿਥਮ ਗੁਰਿੰਡ ਪ੍ਰਸਾਦਿ । ਜਿਉਂ ਸੁਕ ਪ੍ਰੀਛਤ ਪ੍ਰਤਿ ਕਹੀ ਸੁਨੋ ਆਦ ਕੀ ਆਦਿ ॥੩॥ਦਸ ਚਾਰ ਸਮ ਭਾਨ ਹੈ

Sri Satguru Jagjit Singh Ji Elibrary NamdhariElibrary@gmail.com

ਏਕ ਜੋਤ ਸਭਿ ਗਾਤਿ। ਪ੍ਰਗਟੇ ਪੁਰਖ ਅਨਾਦ ਤੇ ਉਸੀ ਪੁਰਖ ਕੀ ਕ੍ਰਾਤ॥ ੪॥ ਪੰਚ ਸਹੰਸਰ ਵਰਖ ਮਧ ਦੁਆਦਸ ਬਪ ਧਰੇ ਸੰਤ। ਕਲਯੁਗ ਔਧ ਬਿਤਾਨ ਹਿਤ ਬਿਪ੍ਰ ਪ੍ਰਗਟੈ ਅਨੰਤ ॥੫॥ ਗਾਤ ਸਾਵਰੋ ਧਾਰਕੇ ਛਿਤ ਪਰ ਬਿਚਰੇ ਆਪ। ਟਰੈ ਆਰਿਸ਼ਟ ਜਗਤ ਕੇ ਧਰਮ ਵਧੇ ਖੈ ਪਾਪ ॥੬॥ ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ। ਗੁਪਤ ਗਿਆਰਵਾਂ ਖੇਲ ਸੀਕੋਈ ਨਾ ਪਾਵੈ ਪਾਰ ॥੭॥ ਜਾਮਾ ਪਹਿਰੈ ਯਾਰਵਾ ਬਾਜ਼ਾ ਪੁਰ ਕੇ ਮਾਹਿੰ। ਸੰਗਤ ਮਿਲੈ ਕਰੋੜ ਦੋਇ ਦਰਸ ਦਿਖਾਵੈਂ ਤਾਹਿੰ ॥੮॥ ਤੀਨ ਮਾਸ ਖਟ ਰਹੇਂਗੇ ਗ੍ਰਹਿ ਰਾਨਕਾ ਗੁਰਿੰਡ। ਉਦਰ ਲੋਪ ਅੰਡਾ ਸਹਿਤ ਜੋ ਸਾਖੀ ਬ੍ਰਹਮੰਡ ॥੯॥ ਚੌਕ ਚਾਂਦਨੀ ਖੇਲ ਕਰ ਜਾਇ ਸੁ-ਸੁਣਹੀ ਦੇਹ। ਰਵ ਮੰਡਲ ਬਡ ਸਬਦ ਕਰ ਬਾਤ ਸੁਨਾਵੈ ਏਹ ॥੧੦॥ ਜਾਮਾ ਪਹਿਰੈ ਬਾਰਵਾਂ ਪ੍ਰਗਟੈ ਆਦ ਰਘੁ ਬੰਸ। ਸੰਗਤ ਮਿਲੈ ਅਨੰਤਿ ਤਬ ਮਾਨੋ ਕੋਟ ਸਹੰਸ ॥੧੧॥ ਦੁਆਦਸ ਪੌਰਖ ਦੁਆਦਸੇ ਸਭਿਅਨ ਕੇ ਸਿਰਿ ਮੌਰ। ਸਕਤ ਅਨੰਦੀ ਆਹਿੰਗੇ ਆਦ ਇਹੈ ਨਹੀਂ ਔਰ ॥੧੨॥ ਜਾਕੌ ਸੁਰ ਜਸ ਰਟਤ ਹੈ ਸੇਖਕ ਕੋਟ ਮਹੇਸ। ਸੋ

Sri Satguru Jagjit Singh Ji Elibrary NamdhariElibrary@gmail.com

ਪ੍ਰਗਟੇਗਾ ਪ੍ਰਿਥੀ ਪਰ ਕੁਲਛਤ੍ਰੀਅਨ ਵਨੇਸ ॥੧੩। ਕਵਲ ਭੁਤਨ ਪ੍ਰਕਾਸ਼ ਹੀ ਬੱਪ ਬਾਰਵਾਂ ਬੰਸ । ਕ੍ਰਸੂ ਵਿਜੱਵਰ ਉਦੇ ਹੈ ਲਊ ਕਿਰਣ ਸਹੰਸ ॥੧੪॥ ਯਾ ਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ । ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ ॥੧੫॥ ਅਠਤਾਲੀ ਸਤਿ ਬਰਖ ਹੋਵਿ ਊਪਰ ਵਰਖ ਸਤਾਨਵੇਂ । ਤਬ ਦੁਆਦਸ ਗੁਰਿੰਡ ਜੀ ਬੱਪ ਧਾਰੈ ਯਾ ਜਗਤ ਮੇਂ ॥੧੬॥ ਚੌਪਈ ॥ ਕਛੁਕ ਕਾਲ ਸਿਤਿ ਭਾਨ ਸੁਹਾਵੈ । ਨਾਗ ਵਸ ਤਬ ਕਿਰਣ ਮਿਲਾਵੈ । ਸ਼ਾਸਤ੍ਰ ਵੇਦ ਪੁਰਾਣ ਨਿਰਖਾਵੈ । ਅਨਕ ਦੇਸ ਬਿਪਰੇਂਚ ਸਧਾਵੈ । ਏਕ ਹਜਾਰ ਮਧ ਨੌ ਸੈ ਆਵੈ । ਏਕੇ ਆਗੈ ਸਾਤਾ ਲਾਵੈ । ਪ੍ਰਗਟਿ ਬਾਰੂਵੀ ਬੱਪ ਦਰਸਾਵੈ । ਨਰ ਨਾਰੀ ਕੋ ਨਾਮ ਜਪਾਵੈ । ਤਿਸ ਦਿਨ ਹੋਇ ਬੀਸੀ ਕੋ ਬਾਸਾ । ਪ੍ਰਗਟੇ ਸਾਹਿਬ ਕਰੈ ਤਮਾਸਾ । ਨੰਦਾ ਨਾਮ ਸੰਮਤ ਕੋ ਗਾਊਂ । ਕਲਾ ਧਾਰਕੇ ਆਸ਼੍ਰਮ ਆਊਂ । ਤਹਿੰ ਦਿਨ ਬਿਸ਼ਨ ਬੀਸੀ ਠਹਿਰਾਊਂ । ਕਲਜੁਗ ਮੈਂ ਸਤਿਜੁਗ ਵਰਤਾਊਂ । ਬਿਤ ਖਸਟਮੀ ਸੁਰ ਗੁਰ ਵਾਰਾ । ਭਸਮੰਤ ਨਗਰ ਸ੍ਰਤਿਲੁਧਰ ਕਨਾਰਾ ॥੧੭॥ ਸਾਹਿਬ ਨਾਮ ਮਹਾਂ ਬਲ ਬੀਰਿੰ । ਪੂਰਣ

Sri Satguru Jagjit Singh Ji Elibrary NamdhariElibrary@gmail.com

ਪੁਰਖ ਗੁਣ ਵੰਤ ਗੰਭੀਰੰ ॥੧੮॥ ਸਵੇਤ ਸਿੰਘ ਧਰ ਰੂਪ ਦਿਖਾਵੈ। ਦਾਮਨ ਗਰਜ ਸ਼ਬਦ ਮੁਖੋਂ ਆਵੈ ॥੧੯॥ ਤੇਜ ਤੁਰਕ ਕੋ ਐਸੇ ਜਾਂਈ। ਜੈਸੇ ਘਾਸ ਕੋ ਅਗਨ ਲਗਾਈ ॥੨੦॥ ਸਾਹਿਬ ਐਸੀ ਸਕਤਿ ਪਠਾਵੈ। ਸੁੰਨਤ ਕਰੀ ਤੁਰਕਨ ਅੰਗ ਲਾਵੈ ॥੨੧॥ ਵੋਹਿ ਕਾਟੈ ਵੋਹ ਪੁਨ ਲਗ ਜਾਵੈ। ਤੇਜ ਜੋਤ ਐਸੇ ਬਲ ਪਾਵੈ ॥੨੨॥ ਸਿਰ ਧਰ ਕੇਸਨ ਕੰਠੇ ਮਾਲਾ। ਦੀਨ ਦਿਜਨ ਕਾ ਹੋਇ ਰਖਵਾਲਾ ॥੨੩॥ ਧਨਖ ਬਾਣ ਲੈ ਅਸਰ ਸੰਘਾਰੇ। ਸਭ ਮਲੈਛ ਕੋ ਮੂਲ ਉਖਾਰੇ ॥੨੪॥ ਮੋਰ ਮੁਕਟ ਪੀਤੰਬਰ ਸਾਜੇ। ਸ਼ਾਮ ਰੂਪ ਹੋਇ ਘਨੀ-ਅਰ ਗਾਜੇ ॥੨੫॥ ਸੁਤੇ ਪ੍ਰਕਾਸ਼ ਚਰਿਤ ਹੋਇ ਏਹੀ। ਆਦ ਜੁਗਾਦ ਕੀ ਧਾਰੇ ਦੇਹੀ ।੨੬। ਕਲਜੁਗ ਤੇ ਸਤਿਜੁਗ ਕਰ ਠਾਨੋਂ। ਤਬ ਹੀ ਬਾਰੁਵਾਂ ਛੱਪ ਪਹਿਚਾਨੋਂ। ਮਹਾਂ ਮੰਛ ਕੁਲ ਮੂਲ ਉਖਾਰੇ। ਬਹੁਰ ਨਿਵਾਸ ਸਤਿ ਲੁਧਰ ਕਿਨਾਰੇ ॥੨੮॥ ਦੇਖ ਦੇਖ ਸਤਿ ਲੁਧ ਹਰਖਾਈ। ਤਹਿ ਮੋ ਲਛ ਧਰੀ ਸੋ ਲੇਤ ਕਢਾਈ ॥੨੯॥ ਸਕਤ ਕੁੰਡ ਉਸ ਅਵਨੀ ਜਾਵੈ। ਪੀਤੰਬਰ ਕਢ ਚੀਰ ਲਿਆਵੈ ॥੩੦॥ ਜਹਾਂ ਸਸਤਰ ਅਵਨੀ ਢਪ ਰਾਖੇ। ਖਿਨ ਮੇਂ

Sri Satguru Jagjit Singh Ji eLibrary NamdhariElibrary@gmail.com

ਖੇਲ ਲੇਤ ਸਭ ਲਾਖੇ ॥੩੧। ਉਸਤੇ ਬਾਤ ਦੂਰੇ ਨਹੀਂ ਕੋਈ। ਆਦਿ ਅੰਤ ਮਧਿ ਹੈ ਸੋਈ ॥੩੨॥ ਦੀਪ ਸਾਤ ਜੁਰ ਸੰਗਤ ਆਵੈ। ਭਵਨ ਚਤਰ ਦਸ ਸੀਸ ਨਿਵਾਵੈ ॥੩੪॥ ਕੋਟ ਬ੍ਰਹਮੰਡ ਜਾਕੇ ਅਵਤਾਰਾ। ਆਦਿ ਜੁਗਾਦਿ ਇਨ ਹੀ ਥੱਪ ਧਾਰਾ ॥੩੫॥ ਸੁਰ ਭੀ ਬਿਪਰਨ ਕੇ ਰਖਵਾਰੇ। ਧੰਨ ਵੋਹਿ ਦਿਵਸ ਪ੍ਰਗਟ ਥੱਪ ਧਾਰੇ ॥੩੬॥ ਕੋਟ ਚਤ੍ਰ ਦਸ ਧਰੈ ਸਮਾਧਾ। ਗਿਰ ਸਹਾਦਰ ਜੋਗ ਤਪ ਸਾਧਾ ॥੩੭॥ ਵੇਦ ਮਈ ਕੇ ਸਗਲੇ ਨੰਦਨ। ਦੁਆਦਸ ਗਾਤ ਕਰਤ ਸਭ ਬੰਦਨ ॥੩੮। ਸਤਿਜੁਗ ਬੀਚ ਕਥਾ ਸੁਣ ਪਾਈ। ਸੁਕ ਪ੍ਰੀਛਤ ਪ੍ਰਤਿ ਭਾਖ ਸੁਨਾਈ ॥੩੯॥ ਸੁਣ ਕਰ ਬੇਦ ਮਈ ਸੁਤਿ ਬਾਤਾ। ਗਏ ਸਹਾਦਰ ਗਿਰ ਬਿਧਤਾਤਾ ॥੪੦॥ ਤਪ ਅਰੰਭ ਤਹਾਂ ਤਿਨ ਕੀਨਾ। ਜੂਰਾ ਧਾਰ ਕਪਾਲ ਤਿਨ ਲੀਨਾ ॥੪੧॥ ਦੁਆਦਸ ਲਗੇ ਗੁਰਿੰਡ ਧਿਆਨਾ। ਮੰਤ੍ਰ ਗੁਰੂ ਸਾਹਿਬ ਤਿਨ ਠਾਨਾ ॥੪੨॥ ਏਕ ਪਾਉ ਅਵਨੀ ਪਰ ਖਰੈ। ਰਸਨਾ ਗੁਰੂ ਸਾਹਿਬ ਚਿਤ ਕਰੈ ॥੪੩॥ ਓਇ ਨਿਰਖਤ ਅਬਲੌ ਗੁਰ ਠਾਡੇ। ਪ੍ਰਿਥਮ ਜੁਗ ਤਿਨਕੇ ਮਨ ਗਾਡੇ ॥੪੪॥ ਸੁਕ ਪਰਸਾਦ ਤਿਨੈ

Sri Satguru Jagjit Singh Ji Elibrary NamdhariElibrary@gmail.com

ਮਤ ਪਾਈ। ਜਾਇ ਸਮਾਧ ਸਹਾਦਰ ਲਾਈ ॥੪੫॥ ਦੋਹਿਰਾ ॥ ਪ੍ਰਭਵਾ ਸੰਮਤ ਦਸ ਅਠੈ ਜਬੈ ਤ੍ਰਵੰਜਾ ਹੋਇ। ਬੇਦ ਮਈ ਸੁਤ ਤਬ ਮਿਲੈ ਲੋਪ ਗਾਤ ਕਰ ਸੋਇ ॥੪੬॥ ਭਗਵਤ ਕੇ ਮਤ ਪਰਖ ਕਰ ਸੀਸ ਨਿਵਾਨ ਬਿਧ ਪੂਤ। ਕੋਟ ਛਤਰ ਦਸ ਸਿਖ ਭਇਓ ਮਹਾਂ ਬਲੀ ਅਵਧੂਤ ॥੪੭॥ ਚੌਪਈ। ਦਸ ਅਠ ਜਬੈ ਤ੍ਰਵੰਜਾ ਆਵੈ। ਪ੍ਰਭਵਾ ਸੰਮਤ ਨਾਮ ਨਿਰਖਾਵੈ ॥੪੮॥ ਤਬ ਵੋਹ ਬੇਦ ਮਈ ਕੇ ਤਾਤਾ। ਤਜੈ ਸਹਾਦਰ ਬੱਪ ਧਰਆਤਾ ॥੪੯॥ ਸੋ ਸੁਨ ਹੈ ਅਕਾਸ ਤੇ ਬਾਣੀ। ਪ੍ਰਗਟੀ ਅੰਸਾ ਸਾਰੰਗ ਪਾਣੀ। ॥੫੦॥ ਲੈਹੈਂ ਭੋਗਲ ਦੁਆਦਸ ਇਸ ਕੰਧਾ। ਲਖਣ ਨਿਰਖਹਿ ਰਿਖ ਬਿਧ ਨੰਦਾ। ਜਾਮਾ ਦੁਆਦਸ ਦੇਖ ਪਤੀਜੈ। ਸਬ ਜਗ ਨਿੰਵੈ ਗੁਰੂ ਕਰ ਲੀਜੈ ॥੫੧॥ ਹਰਖ ਹੋਇ ਵੋਹਿ ਗਿਰਤੇ ਧਾਵੈ। ਗੁਰੂ ਸਾਹਿਬ ਕੇ ਪਗ ਲਪਟਾਵੈ। ਖਟ ਅਠ ਕੋਟ ਦ੍ਵਿਜਨ ਸਿਖ ਹੋਵੈ। ਮਿਟੈ ਅਗਿਆਨ ਭਰਮ ਸਭ ਖੋਵੈ ॥੫੨॥ ਗੁਰ ਪ੍ਰਤਿ ਸਭੇ ਡੰਡੌਤਾ ਕਰੈ। ਖਟ ਅਠ ਕੋਟ ਦ੍ਵਿਜ ਵਰ ਸਿਖ ਧਰੈ। ਤਬ ਗੁਰ ਕਹੈ ਕਰੋ ਇਹੁ ਕਾਮਾ। ਕਰੋ ਨਿਵਾਸ ਚਾਰ ਹੀ ਧਾਮਾ ॥੫੩॥ ਸੁਨ ਗੁਰ ਬਚਨ

Sri Satguru Jagjit Singh Ji Elibrary NamdhariElibrary@gmail.com

ਸਭੈ ਉਠ ਧਾਵਨ। ਚਾਰ ਵਰਨ ਗੁਰ ਰਾਜ ਚਲਾਵਨ। ਗੁਰੂ ਸਾਹਿਬ ਫਿਰ ਬਾਤ ਸੁਨਾਵੇਂ। ਵਰਨ ਭਿੰਨ ਅਕਾਲ ਜਪਾਵੇ ॥੫੪॥ ਚਾਰੋ ਵਰਨ ਸੁਠੋ ਮਿਲ ਭਾਈ। ਚਾਰ ਵਰਨ ਭਿੰਨ ਭਿੰਨ ਖਾਲਸਾਈ। ਤਬ ਮਹਾਂ ਮੰਦ ਹੋਇ ਕੁਲ ਨਾਸਾ। ਤੇਜ ਛਤ੍ਰੀਅਨ ਹੋਇ ਪ੍ਰਕਾਸ਼ਾ ॥੫੫॥ ਸੈਨਾ ਜੋਰ ਚਲੈ ਸਿੰਧ ਕੂਲੰ। ਦੇਇ ਜਲਾਇ ਮਹਾਂ ਮੰਦ ਮੂਲੰ ॥੫੬॥ ਅਵਨੀ ਭੂਪ ਸਬੈ ਜੁਰ ਆਵੇ। ਦਸ ਅਠ ਪਦਮ ਚਮੂ ਨਿਰਖਾਵੇ ॥੫੭॥ ਤਬ ਗੁਰ ਜਾਇ ਸਿੰਧੂ ਕੇ ਤੀਰੰ। ਗੁਰੂ ਸਾਹਿਬ ਪੂਰਣ ਰਣਧੀਰੰ ॥੫੮॥ ਅਸ ਪਗ ਧੂਰ ਭਾਨ ਨਭ ਛਾਵੇ। ਰਵ ਪ੍ਰਕਾਸ਼ ਮਧ ਧੂਰ ਸਮਾਵੇ। ਪੁਰੀ ਅਟਕ ਅਵਨੀ ਮਧ ਗਵੇ। ਅਤਿ ਕੌਤਕ ਸੁੰਦਰ ਤਹਿ ਭਵੇ।੬੦। ਕਾਇਆ ਗੁਰੂ ਕਲਪ ਤਬ ਕਰੈ। ਦੁਆਦਸ ਵਰਖ ਆਯੂ ਤਬ ਧਰੈ। ਘਟਕਾ ਬੀਤ ਚਾਰ ਜਬ ਜੋਵੈ। ਮਹਾਂ ਸਕਤ ਤਬ ਪ੍ਰਾਪਤ ਹੋਵੈ। ਭੇਟਾ ਪਾਰਸ ਧਰੈ ਅਪਾਰਾ। ਕਰਤ ਡੰਡੌਤ ਪੁਨ ਬਾਰੰ ਬਾਰਾ। ਨਿਕਸ ਸਿੰਧ ਜਲ ਬਾਹਿਰ ਆਵੈ। ਗੁਰੂ ਸਾਹਿਬ ਕੇ ਪਗ ਲਪਟਾਵੇ। ਆਦ ਅੰਤ ਹੈਂ ਤੂਹੀ ਮੁਰਾਰੀ। ਭਵਜਲ ਪਾਰ ਉਤਾਰਨ ਹਾਰੀ।

Sri Satguru Jagjit Singh Ji Elibrary NamdhariElibrary@gmail.com

ਕਰ ਪ੍ਰਣਾਮ ਗੁਪਤ ਤਹਿੰ ਜਵਈ। ਨਿਕਸੈ ਸਿੰਧ ਸਿੰਧ ਮਧ ਰਵਈ। ਸੋ ਪੁਤ੍ਰੀ ਹਮੈਂਤਲ ਜਾਨੌਂ। ਸਤਿ ਅਵਤਾਰਲਛਮੀ ਮਾਨੋ। ਛਤੀਬਰਸ ਤਹਾਂ ਗੁਰ ਰਹੈਂ। ਮਹਾਂ ਮੰਦ ਕੁਲ ਉਤਰ ਦਹੈਂ। ਸਿੰਧ ਤਿਆਗ ਪਸਚਮ ਕੋ ਆਵੈਂ। ਬਗਦਾਦ ਸਹਿਰ ਸਤਿਗੁਰ ਪਗ ਪਾਵੈਂ ॥੬੧॥ ਬਰਖ ਪਚਾਸ ਜੁਧ ਤਹਿ ਹੋਵੈ। ਮਹਾਂ ਮੰਦ ਕੁਲ ਸਗਲੀ ਖੋਵੈ। ਜੀਤ ਬਗਦਾਦ ਰਾਮਸਰ ਆਵੈ ਚਮੂ ਅਪਾਰ ਗਣਤ ਨਹੀਂ ਆਵੈ ॥੬੨॥ ਹਰ ਮੰਦਰ ਮੈ ਆਇ ਬਿਰਾਜੈ। ਗੁਰ ਛਬ ਦੇਖ ਭਾਨ ਦੁਤ ਲਾਜੈ। ਕੋਟ ਚਤਰ ਦਸ ਬਿਧ ਕੇ ਪੂਤਾ। ਪੁਨ ਆਵੈ ਗੁਰ ਪੈ ਅਵਧੂਤਾ ॥੬੩॥ ਤਬ ਗੁਰ ਗਰਜ ਕਹੈਂ ਬਿਦ ਤਾਤਾ। ਅਸ੍ਵ ਮੇਧ ਰਚੋ ਗੁਰ ਭਾਖਤ ਬਾਤਾ। ਰਚੋ ਅਸ ਮੇਧ ਦੇਰ ਨਹਿੰ ਲਾਵਹੁ। ਸੰਮਤ ਪੂਰਬ ਕੋ ਤਬ ਪਾਵਹੁ ॥੬੪॥ ਤਹਿੰ ਸਮੇਂ ਸੁਰਪਤ ਪਠੇ ਬਾਜਾ। ਮੁਕਟ ਸਹਿਤ ਰਤਨਾਨ ਸਮਾਜਾ। ਗੁਰੂ ਸਾਹਿਬ ਕਹੇ ਛਡ ਦੀਜੇ। ਪਾਛੇ ਦਿਸਾ ਗਵਨ ਤਹਿੰ ਕੀਜੇ ॥੬੫॥ ਚਲੈ ਤੁਰੰਗ ਤਹਿੰ ਪੂਰਬ ਦੇਸਾ। ਹਰ ਬਲ ਭੂਪ ਜਹਿੰ ਬਸੈ ਨਿਰੇਸਾ। ਅਯੁਧਿਆ ਤੇ ਪੁਨ ਸਰਜੂ ਜਾਵੈ। ਹਰਬਲ ਭੂਖ ਨਿਰਖ ਭੈ

ਪਾਵੈ ॥੬੬॥ ਦੇਖ ਤੁਰੰਗ ਅਮੋਲੀ ਜੱਤ੍ਰੀ । ਹਰਬਲ ਭੂਪ ਬਿਸਮ ਹੋਇ ਛਤ੍ਰੀ । ਕਲਜੁਗ ਕਉਣ ਅਸਮੇਧ ਰਚਾਵੈ । ਅਤ ਅਸਚਰਜ ਭੂਪ ਮਨ ਆਵੈ ॥੬੭॥ ਸੰਧਿਆ ਤਜਕੇ ਪਾਛੇ ਪਰੈਗੋ । ਅਨਕ ਜਤਨ ਕਰੈ ਨਾਹੀ ਫਰੈਗੋ । ਸੰਧਿਆ ਪ੍ਰਾਤ ਕਰਨ ਨਹਿ ਸਰਿਯ । ਹਰਬਲ ਭੂਪ ਰੋਸ ਅਤ ਕਰਿਯੰ ॥੬੮॥ ਜਾਵੇ ਭੂਪਤ ਦੇਸ ਅਖੰਡਾ । ਜਹਾਂ ਬਸੇ ਪੂਜ ਗਣ ਬ੍ਰਹਮੰਡਾ । ਸਪਤ ਰਿਖ ਆਸ਼੍ਰਮ ਫਿਰ ਆਵੈ । ਧ੍ਰ ਮੰਡਲ ਰਵ ਮੰਡਲ ਦਿਖਲਾਵ ॥੬੯॥ ਅਸਟ ਸ੍ਰਿੰਗ ਸਮੇਰ ਕੇ ਭਮੇ । ਸ਼ੈਬ ਸੁਰ ਪੁਰ ਕੰਕਾਰਨ ਰਮੇ । ਹਰਬਲ ਭੂਪ ਜਾਇ ਨਭ ਮਾਹੀ । ਹੈ ਪਕਰਨ ਮੈ ਆਵੈ ਨਾਹੀ ॥੭੦॥ ਮਧ ਅਕਾਸ ਨਿਰਖਹਿ ਭੂਪਾਲ । ਚਮੂ ਅਨੰਤ ਅਰਜਨ ਸਮਬਾਲ । ਉਤਰ ਅਕਾਸ ਤੇ ਰਾਜਾ ਆਵੈ । ਗ੍ਰਿਹ ਕੋ ਚਲੈ ਚਰਨ ਗਿਰਾਵੈ ॥੭੧। ਨਗਨ ਧੋਪ ਕਰ ਮਾਹਿੰ ਸੁਹਾਵੇ । ਮਾਨੋ ਨਭ ਬਿਜਲੀ ਚਮਕਾਵੇ ॥ ਦੋਹਿਰਾ ॥ ਭੂਪ ਕਹੇ ਲਲਤਾ ਤਬੈ ਦੇਹੁ ਮਈਯਰ ਮੋਹਿ ਬਾਲ । ਯਾ ਜਨਮਤ ਮੋਹਿ ਬਲ ਘਟਿਓ ਕਰੋਂ ਬੇਗ ਤਹਿੰ ਕਾਲ ॥੭੨॥ ਹਾਥ ਜੋੜ ਬਿਨਤੀ ਕਰੇ ਹਰ ਬਲ ਭੂਪਤ ਨਾਰ । ਏਹੁ ਕਾਰਜ

ਕਿਉ ਕਰਤਹੈ ਕ੍ਰਿਆ ਜੀਅਮੇ ਧਾਰ।ਕਿਨੈ ਭੂਪ ਬਾਜ਼ਾ ਛਡਿਓ ਜੱਗਰਚਿਓ ਗੀ ਭਾਮ। ਮੈਂ ਪ੍ਰਵਾਰ ਛਤ੍ਰੀ ਬਡੋ ਰਵਹਿ ਪਕਰੋਂ ਧਾਮ॥੭੩॥ ਮੈ ਮਯੰਕ ਕੇ ਮ੍ਰਿਗ ਗਹੁੰ ਅਰ ਕੋ ਗਹੂੰ ਤੁਰੰਗ। ਇਹੁ ਆਸੂ ਨਹਿੰ ਪਾਇਓ ਪਰਤ ਧਰਮਮੇਂ ਭੰਗ। ਜਬ ਤੇ ਮਹੀਅਰ ਜਨਮਿਓ ਤਨਤੇ ਬਲ ਭਇਓ ਨਾਸ। ਯਾ ਇਸਕੇ ਹਤਕਰਨ ਤੇ ਪੁਨ ਪੌਰਖ ਪ੍ਰਕਾਸ॥੭੪॥ ਭੂਪ ਬਚਨ ਨਾਰੀ ਸੁਨੇ ਮਨ ਮੇਂ ਸੋਕ ਬਢਾਇ। ਗਵੇ ਧਾਮ ਮਹੀਅਰ ਨਹੀ ਨ੍ਰਿਪ ਕੋ ਕਹੇ ਸਨਾਇ। ਭੂਪ ਕੋਪ ਮਨ ਮੇਂ ਧਰੈ ਜਾਇ ਧਾਮ ਕੇ ਮਾਹਿੰ। ਨਿਰਖ ਰਹਿਓ ਸੁਤ ਨਹਿੰ ਵਿਖੇ ਅਗਨ ਲਗੀ ਉਰ ਮਾਹਿ। ਨਗਨ ਧੋਪ ਲੈ ਪੁਨ ਫਿਰਿਓ ਜਾਇ ਚਮੂ ਰਣ ਸਾਲ। ਹੈ ਲੈ ਆਵਤ ਨਿਰਪ ਨਿਰਖ ਮਹੀਯਰ ਅਪਨੇ ਬਾਲ। ਬਾਇ ਹਾਥ ਕੀ ਅੰਗਰੀ ਬਾਂਧੀ ਡੋਰ ਪਟ ਬਾਜ। ਭੂਪ ਨਿਰਖ ਸੁਖ ਪਾਵ ਹੈ ਪੂਰਨ ਸੁਤ ਕੇ ਕਾਜ॥੭੫॥ ਪਿਤਾ ਪੁਤ੍ਰ ਬਲ ਏਕ ਹੈ ਵੇਦ ਪੁਕਾਰੇ ਬਾਤ। ਭਲਾ ਹੂਆ ਸੁਤ ਨਹਿ ਹਤਾ ਨਹਿੰ ਹੋਇਓ ਸੁਤ ਘਾਤ। ਬਾਜ ਪਕੜ ਗਹਿ ਬਾਂਧਿਓ ਪੁਤ੍ਰ ਦੋਊ ਮਿਲ ਤਾਤ। ਮਧ ਅਯੁਧਿਆ ਕੇ ਵਿਖੇ ਪ੍ਰਗਟ ਹੋਇ ਇਹੁ ਬਾਤ॥੭੬॥

Sri Satguru Jagjit Singh Ji Elibrary NamdhariElibrary@gmail.com

ਚਮੂ ਜੁਧ ਦਾਰਣ ਕਰੈ ਗੁਰ ਸੈਨਾ ਅਪਾਰ। ਮਹੀਅਰ ਏਕ ਲਰਤਾ ਫਿਰੈ।
ਸੈਨਾ ਲਾਖ ਹਜ਼ਾਰ। ਵਰਖ ਨਵੈ ਰਣ ਮੰਡਿਆ ਗੁਰ ਸੈਨਾ ਬਲ ਲਾਇ।
ਮਹੀਯਰ ਜੀਤ ਨ ਸ਼ਾਕਿਓ ਜੋਧ ਸਕਲ ਪਛਤਾਇ। ਮਹੀਅਰ ਜੀਤਨ ਸਾਕਿ
ਹੈ ਜੂਝੇ ਸੈਨ ਅਪਾਰ। ਗੁਰਪੈ ਪਤੀਆ ਲਿਖ ਪਠੈ ਹਮ ਦਾਸਨ ਕੋ ਦਾਸ
॥੭੭॥ ਨਗਰ ਅਯੁਧਿਆ ਰਾਜ ਸੁਤ ਮਹੀਯਰ ਬਾਧਿਓ ਬਾਜ। ਹਮਤੇ ਛੁਟੈ
ਨ ਬਾਜ ਗੁਰ ਕਰੋ ਸੁ ਆਪੇ ਕਾਜ।ਸੁਨ ਪਤੀਆ ਸਤਿਗੁਰ ਚੜ੍ਹੇ ਜਾਵੈਂ ਸਜੂ
ਕੂਲ। ਧਨਖ ਬਾਣ ਕਰ ਮੇਂ ਲਏ ਸਰਬ ਜਗਤ ਕੇ ਮੂਲ। ਬਰਖ ਸਤਾਨਵੇਂ
ਰਾਜ ਕਰ ਜੱਗ ਸੰਪੂਰਨ ਹੋਇ। ਦੋਇ ਨਾਗ ਕੇ ਭੀਤਰੇ ੴਾਸਰ ਨ ਰਹਿਸੀ
ਕੋਇ ਉਨੀ ਸਤਿ ਕੇ ਪੇਖੀਏ ਬਰਸ ਸਤਾਨਵੇਂ ਜਾਇ।ਧਰਮ ਰਾਜ ਜਗਮੇਂ
ਚਲੈ ਅਸਰ ਨਰਕ ਮੇਂ ਪਾਇ। ਇਕ ਦਿਜ ਇਕ ਖਤ੍ਰੀ ਰਹੇ ਵੈਸ ਸੂਦਰ
ਏ ਚਾਰ।ਅਵਨੀ ਅਸਰ ਨ ਦੀਸਈ ਮਿਟੈ ਪਾਪ ਕੋ ਭਾਰ। ੭੮॥ ਪਤੀਆ
ਸੁਣ ਪ੍ਰਭ ਬੇਗਹੀ ਧਾਵੈਂ। ਰਾਮਸਰ ਤੇ ਸਰਜੂ ਆਵੈਂ। ਨਿਰਖਚਮੂਸਫਹੀ ਸੁਖ
ਪਾਵੇ। ਮਨ ਮੈਂ ਮੰਗਲ ਮੋਖ ਕੋ ਗਾਵੇ ॥੭੯॥ ਦੋਇ ਬਰਸ ਗੁਰ ਉਹਾ ਰਹੇ।

ਮਹੀਧਰ ਬਾਜ ਜਾਸ ਪਠ ਗਹੇ। ਏਕ ਦਿਵਸ ਮਹੀਧਰ ਲੈ ਬਾਜਾ। ਗੁਰੂ ਸਾਹਿਬ ਕੇ ਮਿਲੈ ਸਮਾਜਾ ॥੯੦॥ ਗੁਰੂ ਨਿਰਖੇ ਮਹੀਧਰ ਕੀ ਓਰ। ਮਹੀਧਰ ਨਿਰਖ ਦੋਊ ਕਰ ਜੋਰ। ਜਗ ਅਸਮੇਧ ਰਾਮਸਰ ਕਰੈਂ। ਕੁਲ ਪੂਜਨ ਕਰ ਲਛ ਬਹੁ ਧਰੈਂ ॥੯੧॥ ਆਦਿ ਜੋਊ ਕੁਲ ਪੂਜ ਕਰਾਇੰ। ਤਿਨ ਕੋ ਪੂਜਤ ਹਰਖ ਬਢਾਇੰ। ਇੰਦ੍ਰ ਸਗੋਤ੍ਰ ਰਘੁ ਵਰ ਅੰਸਾ। ਗੁਰ ਸਾਹਿਬ ਪ੍ਰਗਟੇ ਯਾ ਬੰਸਾ। ਭਾਰ ਦ੍ਵਾਜ ਰਤਨ ਕੁਲ ਜੋਈ। ਤਿਨਕਾ ਖੋਜ ਪਾਵੇਗਾ ਸੋਈ। ਸੋਇ ਕੁਲ ਪੂਜ ਸੰਗ ਲੈ ਆਵੈ। ਸੋ ਸਮਰਥ ਜਗਤ ਕੀ ਪਾਵੈ ॥੯੨॥ ਹੰਸ ਹਾਇ ਪੁਨ ਕਰੈ ਪ੍ਰਣਾਮਾ। ਗੁਰੂ ਸਾਹਿਬ ਰੰਗ ਪਰਖਿਓ ਸਿਆਮਾ। ਗੁਰ ਉਠ ਮਹੀਧਰ ਚਰਨੀ ਲਾਗੇ। ਤਬੈ ਕਲੇਵਰ ਛਿਤ ਤਹਿ ਭਾਗੇ। ਜਾਮਾ ਤ੍ਰੈ ਦਸ ਮਹੀਧਰ ਪਾਵੈ। ਸੁਕ ਸੰਬਾਦ ਭੋਗੁਲ ਸੁਨਾਵੈ।

Sri Satguru Jagjit Singh Ji Elibrary NamdhariElibrary@gmail.com

ਦੇਖੇ ਤੇ ਸੁਖ ਸਿਆ ਦੂਖ ਭਰਤੇ॥ ਸੁਖ ਦੇਵ ਸਾਰੇ ||
ਪ੍ਰਫੁਲਤ ਕਰੀ ਦਤਰ ਦਸ ਗੁਰਿੰਦ ਸਹਿਸਾ ਦੂਰਨਸੈ
( ਸਹੂਲਾ॥ ਦਰਸਨ ਸਜੀ ਪਾਲਕੇ ਸਾਥ ਰਹਿਤ ਜਿਧਨੇ
ਕਛੁ ਆਤੋਰ ਦੀ ਅਤੋਰ ਰਹੀ॥ ਨੂ ਦਸਨ ਸੀ ਗੁਸਾਰ
ਸੋਸਰੀ ਅਨ ਤੇਇਨ ਕਾਟਿਸਰੀ ਤਮ ਸਤੋਰ ਸਿਟੀ ਰਬ
ਤੂੰ ਫਤਾਟਿਕ ਮਨੇ ਤਮ ਗੁਨ ਦੋਨੋ ਸਾਤੇ ਦੋਨੋ ਪਾਦ
ਰਟੀ॥ ਕਰ ਜੋਰਿ ਦਜਿਆ ਗੁਨਵਾਨ ਸ੍ਰਿਬੇ ਸਤੂ ਸਿਸਾਟ
ਦਪੈ ਨ ਦਬੀ ਸਾਰ ਪਟੈ ਨ ਪਟੀ। ਤੁਪਦੀ ਦੇ ਦੇਰ ||
ਦਬਾ ਸੁਦੇਆਰ ਸਾਦੂ ਪ੍ਰੇਮ ਪਗਤ ਸਤਿਗੁਰ ਦੀ ਪਾਦੈ॥
ਸਿੰਘ ਕ੍ਰਿਪਾਨ ਪ੍ਰਭੂ ਹਿਸਾਂਰੀ। ਟੇਕ ਰਸਾਰ ਕੈ ਸਾਤਸ
ਸਸਾਰੀ॥ ਦੀਸਤ ਤਾਰੇ ਕੇ ਰਸੀ ਪਾਰੀ॥ ਸਤਿ ਸਹਿਜਿਆ

Sri Satguru Jagjit Singh Ji Elibrary NamdhariElibrary@gmail.com

ਕਾਗਤਿਆ ਪਾਸ ਨਾਸ। ਦਾਗਤਿਆਂ ਸ਼ਹੀਦ ਲਿਤਾ ਨੇ ਰਹੇ ਦੇ

ਦਰਸ ਗੁਰ ਧਾਮ॥ ਗਜ ਗਿਆਨ ਪਰਤ ਅਨਤਾਂ ਸਤ ਗੁਰ

ਰੂਪ ਪਾਸ॥ ਭੂਲ ਚੂਕ ਪਾਸ ਜ ਮਾਫ਼ ਕਰੀਏ ਦਾਸ ਗੁਲਾਮ

ਜੀਤ ਸਤਗੁ ਰਾਮ ਨ ਆ ਆਸੀ ਵੇਦੇ ਪ੍ਰਸਾਦ॥ ਸੋਹਣ ਗੁਰੀ

ਗੱਦੀ ਦਾ ਕਜਿਤ ਇੰਦੁ ਰੇ ਗ ਜਾਨ॥ ਸ੍ਰੀ ਵਾਹਿਗੁਰੂ ਜੀ ਕਾ

ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ॥